# ਕਲਾ ਦੇ ਝਰੋਖੇ ਤੋਂ

5-11-95

## ਗੁਰਸ਼ਰਨ ਸਿੰਘ

**ਲੋਕ ਚੇਤਨਾ ਲਹਿਰ:** ਫਰੀਦਕੋਟ ਜ਼ਿਲੇ ਵਿਚ ਡਿਪਟੀ ਕਮਿਸ਼ਨਰ ਸੋਮ ਪ੍ਰਕਾਸ਼ ਅਤੇ ਵਿਕਾਸ ਡਿਪਟੀ ਕਮਿਸ਼ਨਰ ਕ੍ਰਿਪਾ ਸ਼ੰਕਰ ਸਰੋਜ ਦੀ ਅਗਵਾਈ ਵਿਚ ਚਲਾਈ ਸਾਖਰਤਾ ਲ਼ਹਿਰ ਹੈਰਾਨਕੁਨ ਕੰਮ ਕਰ ਰਹੀ ਹੈ। ਡਾ. ਤੇਜ਼ਬੀਰ ਸਿੰਘ ਦੇ ਸਰਗਰਮ ਸਹਿਯੋਗ ਨਾਲ ਇਸ ਲਹਿਰ ਨੇ ਸਾਖਰਤਾ ਦੇ ਕੰਮ ਦੇ ਨਾਲ ਨਾਲ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿਚ ਵੀ ਲੋਕ ਚੇਤਨਾ ਕੇਂਦਰ ਸਥਾਪਤ ਕੀਤੇ ਹਨ, ਜੋ ਆਪਣੇ ਆਪਣੇ ਇਲਾਕਿਆਂ ਵਿਚ ਲ਼ੋਕਾਂ ਨੂੰ ਵਿਗਿਆਨਕ ਸੋਚ ਦੇ ਵੀ ਕੇਂਦਰ ਹੋਣਗੇ ਅਤੇ ਨਾਲ ਹੀ ਜੋ ਵਿਕਾਸ ਲਈ ਫੰਡ ਰੱਖੇ ਗਏ ਹਨ, ਉਨ੍ਹਾਂ ਦੀ ਪਹਿਰੇਦਾਰੀ ਵੀ ਕਰਨਗੇ। ਹੁਣ ਤਕ ਸਾਰੇ ਜ਼ਿਲੇ ਵਿਚ 950 ਕੇਂਦਰ ਸਥਾਪਤ ਕੀਤੇ ਜਾ ਚੁੱਕੇ ਹਨ। ਦੇਸ਼ ਦੇ ਰਾਜਸੀ ਵਰਤਾਰੇ ਵਿਚ ਲੋਕਪੱਖੀ ਤਬਦੀਲੀਆਂ ਲਿਆਉਣ ਲਈ ਲੋਕ ਚੇਤਨਾ ਇਕ ਜ਼ਰੂਰੀ ਪਹਿਲਾ ਕਦਮ ਹੈ। ਜ਼ਿਲਾ ਫਰੀਦਕੋਟ ਵਿਚ ਸਥਾਪਤ ਹੋਏ ਲੋਕ ਚੇਤਨਾ ਕੇਂਦਰਾਂ ਦੀ ਕਾਰਗੁਜ਼ਾਰੀ ਅਤੇ ਇਨ੍ਹਾਂ ਦਾ ਤਜਰਬਾ ਸਾਡੇ ਘੋਖਵੇਂ ਧਿਆਨ ਦੀ ਮੰਗ ਕਰਦਾ ਹੈ। ਇਸੇ ਤਰ੍ਹਾਂ ਦਾ ਚੇਤਨਾ ਵਿਕਾਸ ਦਾ ਕੰਮ ਸੋਸ਼ਲ ਡਿਵੈਲਪਮੈਂਟ ਸੁਸਾਇਟੀ ਮਾਹਿਲਪੁਰ ਨੇ ਵੀ ਆਪਣੇ ਹੱਥਾਂ ਵਿਚ ਲਿਆ ਹੈ। ਥਾਂ ਥਾਂ 'ਤੇ ਸਮਾਗਮ ਆਯੋਜਿਤ ਕਰ ਕੇ ਅਤੇ ਲੀਫਲੈਟ ਵੰਡ ਕੇ ਲੋਕਾਂ ਨੂੰ ਗਲਤ ਕਦਰਾਂ ਕੀਮਤਾਂ ਦੇ ਵਿਰੁਧ ਲਾਮਬੰਦ ਕਰਨ ਦਾ ਉਪਰਾਲਾ ਇਹ ਸੁਸਾਇਟੀ ਕਰ ਰਹੀ ਹੈ। ਸਮਾਜਿਕ ਨਿਆਂ ਬਾਰੇ ਲੋਕਾਂ ਨੂੰ ਚੇਤਨ ਕਰਨਾ ਇਸ ਸੁਸਾਇਟੀ ਦਾ ਵੱਡਾ ਨਿਸ਼ਾਨਾ ਹੈ। ਚੰਡੀਗੜ੍ਹ ਵਿਚ ਸਥਾਪਤ ਕੀਤਾ ਪੰਜਾਬ ਲੋਕ ਚੇਤਨਾ ਮੰਚ (ਸੰਪਰਕ ਪਤਾ 1245/43-ਬੀ ਚੰਡੀਗੜ੍ਹ, ਫੋਨ: 602995) ਪੰਜਾਬ ਪੱਧਰ 'ਤੇ ਇਸ ਕੰਮ ਲਈ ਸਹਾਈ ਵੀ ਹੋਵੇਗਾ ਤੇ ਸਹਿਯੋਗੀ ਵੀ ਹੋਵੇਗਾ।

**ਔਰਤਾਂ ਦੀ ਕਾਨਫਰੰਸ:** ਔਰਤਾਂ ਦੀ ਸਮਾਜ ਵਿਚ ਭੂਮਿਕਾ ਬਾਰੇ ਨਾਰੀ ਚੇਤਨਾ ਮੰਚ ਪਟਿਆਲਾ ਵਲੋਂ ਔਰਤਾਂ ਦੀ ਇਕ ਕਾਨਫਰੰਸ 26 ਨਵੰਬਰ ਸਵੇਰ 10 ਵਜੇ ਤੋਂ ਸ਼ਾਮ 4.00 ਵਜੇ ਤਕ ਲਾਇਬਰੇਰੀ ਹਾਲ ਪਟਿਆਲਾ ਵਿਚ ਕੀਤੀ ਜਾ ਰਹੀ ਹੈ। ਇਸ ਵਿਚ ਕਾਨਫਰੰਸ ਦੇ ਪ੍ਰਬੰਧਕਾਂ ਵਲੋਂ ਨਾਰੀ ਅੰਦੋਲਨ ਦੀ ਲੋੜ, ਭਾਰਤੀ ਸਮਾਜ ਵਿਚ ਔਰਤਾਂ ਦੀ ਸਥਿਤੀ ਅਤੇ ਸਾਹਿਤ ਵਿਚ ਔਰਤ ਮਸਲਿਆਂ ਵਲ ਅਪਣਾਈ ਸੋਚ ਬਾਰੇ ਇਕ ਪਰਚਾ ਪੇਸ਼ ਕਰ ਕੇ ਬਹਿਸ ਦਾ ਆਰੰਭ ਕੀਤਾ ਜਾਵੇਗਾ। ਬਹੁਤ ਸਾਰੇ ਮੁੱਦਿਆਂ ਵਿਚੋਂ ਇਕ ਮੁੱਦਾ ਜੋ ਕਾਨਫਰੰਸ ਵਿਚ ਬਹਿਸ ਦੇ ਅਧੀਨ ਹੋਵੇਗਾ, ਉਹ ਇਹ ਹੋਵੇਗਾ ਕਿ ਕੀ ਨਾਰੀ ਅੰਦੋਲਨ ਸਿਰਫ ਔਰਤਾਂ ਦੇ ਮਸਲਿਆਂ ਬਾਰੇ ਹੀ ਮਹਿਦੂਦ ਹੈ ਜਾਂ ਇਹ ਸਮੁੱਚੇ ਸਮਾਜਿਕ ਵਰਤਾਰੇ ਵਿਚ ਔਰਤਾਂ ਦੀ ਹਿੱਸੇਦਾਰੀ ਦੀ ਮੰਗ ਕਰਦਾ ਹੈ? ਔਰਤਾਂ ਦੇ ਸੰਘਰਸ਼ ਦਾ ਨਿਸ਼ਾਨਾ ਹੁਣ ਤਕ ਬਹੁਤਾ ਔਰਤਾਂ 'ਤੇ ਹੋ ਰਹੇ ਜ਼ੁਲਮ ਤੇ ਜਬਰ ਵਿਰੁਧ ਆਵਾਜ਼ ਉਠਾਉਣ ਤਕ ਰਿਹਾ ਹੈ। ਭਾਵੇਂ ਇਹ ਆਪਣੇ ਆਪ ਵਿਚ ਬਹੁਤ ਹੀ ਲੋੜੀਂਦਾ ਕੰਮ ਸੀ ਪਰ ਇਸ ਤੋਂ ਅੱਗੇ ਜਾਣ ਦੀ ਲੋੜ ਵੀ ਮਹਿਸੂਸ ਕੀਤੀ ਜਾ ਰਹੀ ਹੈ। ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੋ ਰਿਹਾ ਹੈ ਕਿ ਜਦੋਂ ਤਕ ਸਮਾਜਿਕ ਵਰਤਾਰੇ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਹੁੰਦੀਆਂ, ਉਨਾ ਚਿਰ ਸਮਾਜ ਵਿਚ ਮਰਦ ਦੀ ਪ੍ਰਧਾਨਗੀ ਨਾਲ ਜੁੜੇ ਸਮਾਜਿਕ ਮਸਲੇ ਹੱਲ ਨਹੀਂ ਹੋਣਗੇ। ਇਸੇ ਤਰ੍ਹਾਂ ਔਰਤਾਂ ਦੀ ਅਧੀਨਗੀ ਦੇ ਮਸਲੇ ਜਿਹੜੇ ਧਰਮਾਂ ਦੇ ਫਲਸਫੇ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਵੀ ਚੈਲਿੰਜ ਕਰਨਾ ਜ਼ਰੂਰੀ ਹੈ। ਪੀਚਿੰਗ ਵਿਚ ਹੋਈ ਔਰਤਾਂ ਦੀ ਕਾਨਫਰੰਸ ਵਿਚ ਇਸਲਾਮ ਅਤੇ ਕੈਥੋਲਿਕ ਚਰਚ ਦੀ ਔਰਤਾਂ ਨੂੰ ਅਧੀਨ ਰੱਖਣ ਦੀ ਭੂਮਿਕਾ ਬਾਰੇ ਬੜੀ ਬੇਬਾਕ ਚਰਚਾ ਹੋਈ ਹੈ। ਇਨ੍ਹਾਂ ਧਾਰਮਿਕ ਅਕੀਦਿਆਂ ਅਨੁਸਾਰ ਪਰਿਵਾਰ ਨਿਯੋਜਨ ਰੱਬ ਦੀ ਰਜ਼ਾ ਵਿਚ ਦਖਲਅੰਦਾਜ਼ੀ ਹੈ। ਇਸ ਦੇ ਲਈ ਪੈਗੰਬਰਾਂ ਦੇ ਫਰਮਾਨਾਂ ਦਾ ਸਹਾਰਾ ਲਿਆ ਜਾਂਦਾ ਹੈ। ਔਰਤ ਦੀ ਇਹ ਮਰਜ਼ੀ ਕਿ ਉਹ ਕਿਸ ਵੇਲੇ ਮਾਂ ਬਣਨਾ ਚਾਹੁੰਦੀ ਹੈ, ਰੱਬ ਦੀ ਰਜ਼ਾ ਵਿਚ ਵਿਘਨ ਹੈ। ਔਰਤਾਂ ਦੇ ਹੱਕਾਂ ਬਾਰੇ ਹਰ ਵਿਗਿਆਨਕ ਸੋਚ ਨੂੰ ਧਰਮਾਂ ਦੇ ਅਕੀਦਿਆਂ ਦਾ ਆਸਰਾ ਲੈ ਕੇ ਨਕਾਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਬੁਨਿਆਦੀ ਹੱਕਾਂ ਦੀ ਗੱਲ, ਨਸਲਵਾਦ ਦੇ ਨਾਂ ਉਤੇ ਹੁੰਦੇ ਜ਼ੁਲਮਾਂ ਨੂੰ ਇਸ ਕਰ ਕੇ ਨਹੀਂ ਵਿਚਾਰਿਆ ਜਾਂਦਾ ਕਿ ਇਨ੍ਹਾਂ ਵਿਚ ਰਾਜਨੀਤੀ ਆ ਗਈ ਹੈ। ਔਰਤਾਂ ਨਾਲ ਜੁੜੇ ਹੋਏ ਸਾਰੇ ਮਸਲਿਆਂ ਬਾਰੇ ਵਿਗਿਆਨਕ ਸੋਚ ਅਪਣਾਉਣੀ ਹੁਣ ਸਮੇਂ ਦੀ ਲੋੜ ਬਣ ਗਈ ਹੈ। ਨਾਰੀ ਚੇਤਨਾ ਮੰਚ ਵਲੋਂ ਪਟਿਆਲਾ ਵਿਚ ਕਰਵਾਈ ਜਾ ਰਹੀ ਕਾਨਫਰੰਸ ਜਿਸ ਨੂੰ ਪੰਜਾਬ ਲੋਕ ਚੇਤਨਾ ਮੰਚ ਦਾ ਪੂਰਾ ਸਹਿਯੋਗ ਹੈ, ਇਨ੍ਹਾਂ ਸਭ ਮਸਲਿਆਂ ਉਤੇ ਖੁੱਲ੍ਹੀ ਬਹਿਸ ਕਰੇਗਾ।

**ਮਦਰ ਟਰੇਸਾ ਦੇ ਮਿਸ਼ਨ ਬਾਰੇ:** ਅਮਰੀਕਾ ਵਿਚ ਛਪਦੀਆਂ ਅਖਬਾਰਾਂ ਵਿਚ ਮਦਰ ਟਰੇਸਾ ਦੇ ਮਿਸ਼ਨ ਬਾਰੇ ਇਹ ਚਰਚਾ ਚਲ ਰਹੀ ਹੈ ਕਿ ਮਦਰ ਟਰੇਸਾ ਆਪਣੇ ਮਿਸ਼ਨ ਨੂੰ ਅਪਰਾਧੀ ਜਗਤ ਦੇ ਧਨਵਾਨ ਕਰਤੇ ਧਰਤਿਆਂ ਦੀ ਮਦਦ ਨਾਲ ਚਲਾਉਂਦੀ ਹੈ। ਅਪਰਾਧ ਨਾਲ ਅਸ਼ਾਂਤ ਹੋਏ ਲੋਕਾਂ ਨੂੰ ਇਸ ਤਰ੍ਹਾਂ ਸ਼ਾਂਤੀ ਪ੍ਰਦਾਨ ਹੁੰਦੀ ਹੈ। ਉਹ ਵੇਲੇ ਲੰਦ ਗਏ ਜਦੋਂ ਬਾਬਾ ਨਾਨਕ ਮਲਿਕ ਭਾਗੋ ਦੇ ਪੂੜੇ ਨੂੰ ਸਵੀਕਾਰ ਨਹੀਂ ਕਰਦਾ ਸੀ ਕਿ ਇਨ੍ਹਾਂ ਵਿਚ ਗਰੀਬਾਂ ਦਾ ਲਹੂ ਹੈ। ਸਾਰੀਆਂ ਧਾਰਮਿਕ ਸੰਸਥਾਵਾਂ ਜਾਂ ਤਰਸ ਦੇ ਨਾਂ 'ਤੇ ਸੇਵਾ ਕਰਨ ਵਾਲੀਆਂ ਸੰਸਥਾਵਾਂ ਨੂੰ ਪੈਸੇ ਦੀ ਲੋੜ ਹੈ। ਉਨ੍ਹਾਂ ਨੂੰ ਇਹ ਫਰਕ ਨਹੀਂ ਪੈਂਦਾ ਕਿ ਇਹ ਪੈਸਾ ਕਿਥੋਂ ਆਉਂਦਾ ਹੈ।

---

## ਕਾਵਿ-ਵਿਅੰਗ

### ਢੌਂਗੀ ਸਾਧ

ਮਹੀਨੇ ਵਿਚ ਨਾ ਵਾਈ ਦਿਨ ਨਾਉਣ ਜਿਹੜੇ, ਦੰਦ ਜੰਮ ਕੇ ਕੀਤੇ ਨਾ ਸਾਫ ਮੀਆਂ ।
ਹੋਣ ਦਰਜਨਾਂ ਵਿਚ ਅਪਰਾਧ ਕੀਤੇ, ਨਾ ਫਸਣ ਦਾ ਛੱਡਣ ਸੁਰਾਖ ਮੀਆਂ ।
ਚੇਲੇ ਚੇਲੀਆਂ ਕਰਨ ਪ੍ਰਚਾਰ ਰੱਜ ਕੇ, ਸਾਈਂ, ਬਾਬਾ ਜੀ, ਰੱਬ ਜੀ ਆਖ ਮੀਆਂ ।
ਵਿਹਲੜ, ਲੋਟੂ, ਪਖੰਡੀ, ਹਰਾਮੀਆਂ ਨੇ, ਕੀਤਾ ਦੇਸ਼ ਨੂੰ ਸਾੜ ਕੇ ਰਾਖ ਮੀਆ ।

ਨਛੱਤਰ ਸਹੋਤਾ